- Dispatch No I/17870/2020
- ਜ਼ਿਲ੍ਹਾ ਲੋਕ ਸੰਪਰਕ ਅਫਸਰ, ਫਰੀਦਕੋਟ

- ਆਪਣੀ ਡਿਊਟੀ ਲਈ ਹਮੇਸ਼ਾਂ ਤਿਆਰ ਬਰ ਤਿਆਰ ਆਰ.ਆਰ.ਟੀ ਫਰੀਦਕੋਟ

- ਟੀਮ ਵੱਲੋਂ ਕਰੋਨਾ ਪਾਜ਼ਟਿਵ ਮਰੀਜ਼ਾਂ ਨੂੰ ਹਸਪਤਾਲ ਪਹੁੰਚਾਉਣ ਅਤੇ ਉਨ੍ਹਾਂ ਦੇ ਕੰਟੈਕਟ ਦੀ ਸਕਰੀਨਿੰਗ ਅਤੇ ਟੈਸਟਿੰਗ ਵਿੱਚ ਨਿਭਾਈ ਜਾਂਦੀ ਹੈ ਅਹਿਮ ਜ਼ਿੰਮੇਵਾਰੀ

- ਟੀਮ ਵੱਲੋਂ ਆਪਣੀ ਤੇ ਲੋਕਾਂ ਦੀ ਸੁਰੱਖਿਆ ਲਈ ਵਰਤੀਆਂ ਜਾਂਦੀਆਂ ਹਨ ਪੀ. ਪੀ. ਈ. ਕਿੱਟਾਂ

- ਫ਼ਰੀਦਕੋਟ ,11 ਅਪ੍ਰੈਲ -(     )-

- ਜਦੋਂ ਪੂਰਾ ਵਿਸ਼ਵ ਕਰੋਨਾ ਵਰਗੀ ਭਿਆਨਕ ਮਹਾਂਮਾਰੀ ਨਾਲ ਜੂਝ ਰਿਹਾ ਹੈ ਤਾਂ ਇਸ ਨਾਜ਼ੁਕ ਸਥਿਤੀ ਵਿੱਚ ਸਿਹਤ ਵਿਭਾਗ ,ਪੁਲੀਸ ਤੇ ਸਿਵਲ ਪ੍ਰਸ਼ਾਸਨ ਦੇ ਵੱਖ ਵੱਖ ਵਿੰਗਾਂ ਵੱਲੋਂ ਆਪਣੀਆਂ ਸੇਵਾਵਾਂ ਲਗਾਤਾਰ ਬੜੀ ਬਾਖੂਬੀ ਨਾਲ ਨਿਭਾਈਆਂ ਜਾਂ ਰਹੀਆਂ ਹਨ।ਇਸ ਸਥਿਤੀ ਵਿੱਚ ਸਿਹਤ ਵਿਭਾਗ ਦਾ ਸਮੁੱਚਾ ਸਟਾਫ ਵੀ ਆਪਣੀ ਜਾਨ ਜੋਖਮ ਵਿੱਚ ਪਾ ਕੇ ਵੀ ਲੋਕਾਂ ਦੀ ਸੁਰੱਖਿਆ ਲਈ ਅਤੇ ਉਨ੍ਹਾਂ ਦੇ ਇਲਾਜ ਲਈ ਸਿਰ ਤੋੜ ਯਤਨ ਕਰ ਰਹੇ ਹਨ ।

- ਜਿੱਥੇ ਫ਼ਰੀਦਕੋਟ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਡਿਪਟੀ ਕਮਿਸ਼ਨਰ ਸ੍ਰੀ ਕੁਮਾਰ ਸੌਰਭ ਰਾਜ ਦੀ ਯੋਗ ਅਗਵਾਈ ਹੇਠ ਕਰੋਨਾ ਵਰਗੀ ਮਹਾਂਮਾਰੀ  ਦੇ ਵਾਈਰਸ ਨੂੰ ਅੱਗੇ ਵਧਣ ਤੋਂ ਰੋਕਣ ਲਈ ਵੱਡੀ ਪੱਧਰ ਤੇ ਕਾਰਜ ਕੀਤੇ ਜਾ ਰਹੇ ਹਨ ,ਉਥੇ ਹੀ ਸਿਹਤ ਵਿਭਾਗ ਦੀਆਂ ਵੱਖ ਵੱਖ ਟੀਮਾਂ ਵੱਲੋਂ ਨਿਭਾਏ ਜਾ ਰਹੇ ਰੋਲ ਦੀ ਪੂਰੇ ਜ਼ਿਲ੍ਹੇ ਵਾਸੀਆਂ ਵੱਲੋਂ ਪ੍ਰਸ਼ੰਸਾ ਕੀਤੀ ਜਾ ਰਹੀ ਹੈ ।

- ਫ਼ਰੀਦਕੋਟ ਦੇ ਸਿਵਲ ਸਰਜਨ ਡਾ. ਰਜਿੰਦਰ ਕੁਮਾਰ ਦੀ ਅਗਵਾਈ ਹੇਠ ਸਥਾਪਤ ਕੀਤੀ ਗਈ ਆਰ .ਆਰ .ਟੀ (ਰੈਪਿਡ ਰਿਸਪਾਂਡ ਟੀਮ) ਜਿਸ ਦੇ ਨੋਡਲ ਅਫਸਰ ਡਾਕਟਰ ਅਨੀਤਾ ਚੋਹਾਨ ਅਤੇ ਡਾਕਟਰ ਵਿਕਰਮਜੀਤ ਸਿੰਘ ਹਨ  ਦੀ ਅਗਵਾਈ ਵਾਲੀ ਸਮੁੱਚੀ ਟੀਮ ਵੱਲੋਂ ਆਪਣੀ ਡਿਊਟੀ ਪੂਰੀ ਲਗਨ ,ਮਿਹਨਤ ਅਤੇ ਸਿਰੜ ਨਾਲ ਨਿਭਾਈ ਜਾ ਰਹੀ ਹੈ ।

- ਡਾਕਟਰ ਅਨੀਤਾ ਚੋਹਾਨ ਨੇ ਇਸ ਸਬੰਧੀ ਵਿਸਥਾਰ ਸਹਿਤ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਟੀਮ ਵਿੱਚ ਡਾ. ਪਰਮਜੀਤ ਬਰਾੜ ਐਮ.ਡੀ ਮੈਡੀਸਨ ,ਡਾਕਟਰ ਮਨਪ੍ਰੀਤ ਕੋਰ ਈ. ਐੱਨ .ਟੀ ਸਪੈਸ਼ਲਿਸਟ ,ਡਾਕਟਰ ਰਵਿੰਦਰ ਸਰਾਂ ਮਾਈਕ੍ਰੋਬਿਅਲਜਿਸਟ ,ਲਵਪ੍ਰੀਤ ਕੋਰ ਨਰਸਿੰਗ ਸਟਾਫ ,ਹਰਵਿੰਦਰ ਸਿੰਘ ਲੈਬ ਟੈਕਨੀਸ਼ਨ ਅਤੇ ਸੁਮਿਤਰਾ ਸ਼ਰਮਾ ਲੈਬ ਅਟੈਂਡੈਂਟ ਆਦਿ ਟੀਮ ਮੈਂਬਰ ਸ਼ਾਮਲ ਹਨ ,ਵੱਲੋਂ ਆਪਣੇ

ਕੰਮ ਅਤੇ ਸਮੁੱਚੇ ਅਪ੍ਰੇਸ਼ਨ ਦੌਰਾਨ ਆਪਣੀ ਅਤੇ ਆਮ ਲੋਕਾਂ ਦੀ ਸੁਰੱਖਿਆ ਦਾ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਹੈ ।ਇਹ ਟੀਮ ਲੋਕਾਂ ਦੀ ਸਕਰੀਨਿੰਗ ਅਤੇ ਟੈਸਟਿੰਗ ਸੈਂਪਲ ਲੈਣ ਵੇਲੇ ਅੱਤ ਆਧੁਨਿਕ ਪੀ.ਪੀ.ਈ. (ਪਰਸਨਲ ਪ੍ਰੋਟੈਕਸ਼ਨ ਇਕਵਿਪਮੈਂਟ ) ਕਿੱਟਾਂ ਨਾਲ ਤਿਆਰ ਹੁੰਦੀ ਹੈ ।

- ਉਨ੍ਹਾਂ ਦੱਸਿਆ ਕਿ ਆਰ.ਆਰ.ਟੀ ਟੀਮ ਕਿਸੇ ਵੀ ਸ਼ੱਕੀ ਮਰੀਜ਼ ਦੀ ਸੂਚਨਾ ਮਿਲਣ ਤੇ ਉਸ ਨੂੰ ਤੁਰੰਤ ਸੁਰੱਖਿਅਤ ਹਸਪਤਾਲ ਵਿਖੇ ਪਹੁੰਚਾਉਂਦੀ ਹੈ ਅਤੇ ਉਸ ਦੇ ਸੈਂਪਲ ਲੈ ਕੇ ਜਾਂਚ ਲਈ ਭੇਜੇ ਜਾਂਦੇ ਹਨ ।ਜੇਕਰ ਜਾਂਚ ਉਪਰੰਤ ਸੈਂਪਲ ਪਾਜ਼ਟਿਵ ਆਉਂਦਾ ਹੈ ਤਾਂ ਉਸ ਪੂਰੇ ਇਲਾਕੇ ਨੂੰ ਸੀਲ ਕੀਤਾ ਜਾਂਦਾ ਹੈ ਅਤੇ ਉਸ ਉਪਰੰਤ  ਪਾਜਟਿਵ ਵਿਅਕਤੀ ਦੇ ਕੰਟੈਕਟ ਵਿੱਚ ਆਏ ਲੋਕਾਂ ਦੇ ਸੈਂਪਲ ਇਕੱਤਰ ਕਰਕੇ ਜਾਂਚ ਲਈ ਭੇਜੇ ਜਾਂਦੇ ਹਨ ।ਉਨ੍ਹਾਂ ਕਿਹਾ ਕਿ ਆਰ.ਆਰ.ਟੀ ਟੀਮ ਦਾ ਕੰਮ ਹਮੇਸ਼ਾ ਹੀ ਚੁਣੌਤੀਆਂ ਭਰਪੂਰ ਹੁੰਦਾ ਹੈ ,ਪਰ ਫ਼ਰੀਦਕੋਟ ਵਿਚਲੀ ਟੀਮ ਦੇ ਮੈਂਬਰ ਪੂਰੀ ਤਰ੍ਹਾਂ ਚੜ੍ਹਦੀ ਕਲਾ ਵਿੱਚ ਹਨ ਅਤੇ ਆਪਣੀ ਡਿਊਟੀ ਪੂਰੀ ਲਗਨ ,ਮਿਹਨਤ ਅਤੇ ਇਮਾਨਦਾਰੀ ਨਾਲ ਨਿਭਾ ਰਹੇ ਹਨ ।ਉਨ੍ਹਾਂ ਇਹ ਵੀ ਦੱਸਿਆ ਕਿ ਫ਼ਰੀਦਕੋਟ ਦੇ ਜਿਹੜੇ ਦੋ ਮਰੀਜ਼ ਕਰੋਨਾ ਪਾਜਟਿਵ ਪਾਏ ਗਏ ਹਨ ਉਨ੍ਹਾਂ ਦੀ ਹਾਲਤ ਵਿੱਚ ਲਗਾਤਾਰ ਸੁਧਾਰ ਹੋ ਰਿਹਾ ਹੈ ਅਤੇ ਉਹ ਪੂਰੀ ਤਰ੍ਹਾਂ ਤੰਦਰੁਸਤ ਹਨ ।ਇਨ੍ਹਾਂ ਦੋਵੇਂ ਪਾਜਟਿਵ  ਮਰੀਜ਼ਾਂ ਦੇ ਕੰਟੈਕਟ ਵਿੱਚ ਆਏ ਕੁੱਲ 52 ਵਿਅਕਤੀਆਂ ਦੇ ਸੈਂਪਲ ਜਾਂਚ ਲਈ ਅੰਮ੍ਰਿਤਸਰ ਭੇਜੇ ਗਏ ਸਨ ਜਿਨ੍ਹਾਂ ਵਿੱਚੋਂ 50 ਸੈਂਪਲਾਂ ਦੀ ਰਿਪੋਰਟ ਪ੍ਰਾਪਤ ਹੋਈ ਅਤੇ ਇਹ ਸਾਰੇ ਹੀ ਸੈਂਪਲ ਨੈਗਟਿਵ ਆਏ ਹਨ ਅਤੇ ਦੋ ਦੀ ਰਿਪੋਰਟ ਆਉਣੀ ਅਜੇ ਬਾਕੀ ਹੈ ।

- ਸਿਵਲ ਸਰਜਨ ਫ਼ਰੀਦਕੋਟ ਡਾ ਰਜਿੰਦਰ ਕੁਮਾਰ ਨੇ ਸਮੂਹ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਕਰੋਨਾ ਮਹਾਮਾਰੀ ਨੂੰ ਅੱਗੇ ਫੈਲਣ ਤੋਂ ਰੋਕਣ ਲਈ ਸਮਾਜਿਕ ਦੂਰੀ ਬਣਾ ਕੇ ਰੱਖਣ ਅਤੇ ਆਪਣੇ ਘਰਾਂ ਵਿੱਚ ਰਹਿ ਕੇ ਸਿਹਤ ਵਿਭਾਗ ਵੱਲੋਂ ਦੱਸੀਆਂ ਗਈਆਂ ਸਾਵਧਾਨੀਆਂ ਦੀ ਪਾਲਣਾ ਕਰਨ ਅਤੇ ਇਸ ਭਿਆਨਕ ਮਹਾਮਾਰੀ ਨੂੰ ਅੱਗੇ ਵਧਣ ਤੋਂ ਰੋਕਣ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾਉਣ।

Dispatch No I/17878/2020

ਜ਼ਿਲ੍ਹਾ ਲੋਕ ਸੰਪਰਕ ਅਫਸਰ, ਫਰੀਦਕੋਟ

ਕਿਸਾਨਾਂ ਦੀ ਜਰੂਰਤ ਅਨੁਸਾਰ ਸਾਉਣੀ ਦੀਆਂ ਮੁੱਖ ਫਸਲਾਂ ਦੇ ਬੀਜਾਂ ਦੇ ਸਾਰੇ ਪ੍ਰਬੰਧ ਮੁਕੰਮਲ - ਮੁੱਖ ਖੇਤੀਬਾੜੀ ਅਫਸਰ

ਫਰੀਦਕੋਟ , 11 ਅਪ੍ਰੈਲ -( )-ਜਿਲ੍ਹੇ ਦੇ ਮੁੱਖ ਖੇਤੀਬਾੜੀ ਅਫਸਰ ਡਾ . ਹਰਨੇਕ ਸਿੰਘ ਰੋਡੇ ਨੇ ਦੱਸਿਆ ਕਿ ਫਰੀਦਕੋਟ ਜਿਲ੍ਹੇ ਵਿਚ ਆਉਣ ਵਾਲੀ ਸਾਉਣੀ ਦੀ ਫਸਲ ਲਈ ਨਰਮੇ , ਮੱਕੀ ਅਤੇ ਗਰਮ ਰੁੱਤ ਦੀ ਮੂੰਗੀ ਦੀ ਫਸਲ ਲਈ ਸਬਸਿਡੀ ਵਾਲੇ ਬੀਜ ਦੀ ਵਿਵਸਥਾ ਜ਼ਰੂਰਤ ਅਨੁਸਾਰ ਹੋ ਗਈ ਹੈ। ਉਨ੍ਹਾਂ ਨੇ ਦੱਸਿਆ ਕਿ ਇਸ ਸਬੰਧੀ ਬੀਜ ਡੀਲਰਾਂ ਨੂੰ ਕਰਫਿਊ ਦੇ ਮੱਦੇ ਨਜਰ ਲੋੜੀਦੀਆਂ ਛੋਟਾ ਦਿੱਤੀਆਂ ਗਈਆਂ ਹਨ। ਉਨ੍ਹਾਂ ਨੇ ਕਿਹਾ ਕਿ ਕਣਕ ਦੀ ਖਰੀਦ 15 ਅਪਰੈਲ ਤੋਂ ਸ਼ੁਰੂ ਹੋ ਰਹੀ ਹੈ ਅਤੇ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਦੀ ਫਸਲ ਦਾ ਹਰ ਇਕ ਦਾਣਾ ਖਰੀਦਿਆ ਜਾਵੇਗਾ। ਉਨ੍ਹਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਫਸਲ ਪੂਰੀ ਤਰ੍ਹਾਂ ਸੁਕਾ ਕੇ ਸਾਫ ਸੁਥਰੀ ਕਣਕ ਮੰਡੀਆਂ ਵਿਚ ਲੈ ਕੇ ਆਉਣ ਤਾਂ ਜੋ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ ਅਤੇ ਕਣਕ ਦੀ ਵਾਢੀ ਸਮੇ ' ਕੋਵਿਡ 19 ਦੀ ਬਿਮਾਰੀ ਨੂੰ ਫੈਲਣ ਤੋਂ ਰੋਕਣ ਲਈ ਕੰਬਾਇਨ ਹਾਰਵੈਸਟਰਾਂ ਨੂੰ ਸੈਨੀਟਾਈਜ ਕੀਤਾ ਜਾਵੇ , ਕੰਬਾਇਨਾਂ ਦੇ ਕਾਮਿਆਂ ਨੂੰ ਨਿਜੀ ਸਫਾਈ ਦਾ ਖਾਸ ਖਿਆਲ ਰੱਖਣ ਲਈ ਪ੍ਰੇਰਿਤ ਕੀਤਾ ਜਾਵੇ ਅਤੇ ਆਪਣੇ ਹੱਥਾਂ ਨੂੰ ਦਿਨ ਸਮੇਂ ਕਈ ਵਾਰ ਸੈਨੀਟਾਈਜ਼ ਕਰਨ ਲਈ ਕਿਹਾ ਜਾਵੇ ਅਤੇ ਉਨਾਂ ਵੱਲੋਂ ਆਪਸ ਵਿੱਚ , ਕਿਸਾਨਾਂ ਕਿਸਾਨ ਕਾਮਿਆਂ ਨਾਲ ਘੱਟੋ - ਘੱਟ 01 ਮੀਟਰ ਦਾ ਫਾਸਲਾ ਰੱਖਿਆ ਜਾਵੇ ਅਤੇ ਕਿਸੇ ਵੱਲੋਂ ਵੀ ਇਕ ਦੂਜੇ ਨਾਲ ਹੱਥ ਨਾ ਮਿਲਾਇਆ ਜਾਵੇ। ਕੰਬਾਇਨ ਦੇ ਕਾਮਿਆ ਦੁਆਰਾ ਮਾਸਕ ਪਹਿਨਣਾ ਜਰੂਰੀ ਕੀਤਾ ਜਾਵੇ।|

ਇਸ ਤੋਂ ਇਲਾਵਾ ਉਨ੍ਹਾਂ ਨੇ ਕਿਸਾਨ ਵੀਰਾਂ ਨੂੰ ਅਪੀਲ ਕੀਤੀ ਕਿ ਕਿਸੇ ਵੀ ਅਣਸੁਖਾਵੀ ਘਟਨਾ ਨੂੰ ਰੋਕਣ ਲਈ ਬਿਜਲੀ ਦੀਆਂ ਢਿਲੀਆਂ ਤਾਰਾਂ , ਟਰਾਂਸਫਰ , ਜੀਓ ਵਿੱਚ ਸਪਾਰਕਿੰਗ ਜਾਂ ਬਿਜਲੀ ਦੀ ਸਪਾਰਕਿੰਗ ਦੀ ਸੂਚਨਾ ਪੀ . ਐਸ . ਪੀ . ਸੀ . ਐਲ ਨੂੰ ਤੁਰੰਤ ਦਿਤੀ ਜਾਵੇ ਅਤੇ ਟਰਾਂਸਫਰ ਦੇ ਆਲੇ ਦੁਆਲੇ ਕਣਕ ਦੀ ਵਾਢੀ 08 ਫੁਟ ਦੇ ਘੇਰੇ ਵਿਚ ਕਰ ਲਈ ਜਾਵੇ ਅਤੇ ਹੋਰ ਪਾਣੀ ਦੇ ਖਾਲ ਜਾਂ ਚਲੇ , ਚੁਬੱਚੇ ਭਰ ਕੇ ਰੱਖੇ ਜਾਣ ਤਾਂ ਜੋ ਲੋੜ ਸਮੇ ਵਰਤੋਂ ਵਿਚ ਲਿਆਂਦੇ ਜਾ ਸਕਣ। ਕਿਸਾਨਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਬਲਾਕਾਂ ਨਾਲ ਸਬੰਧਤ ਅਧਿਕਾਰੀਆਂ ਨਾਲ ਤਾਲਮੇਲ ਬਣਾ ਕੇ ਰੱਖਣ ਅਤੇ ਕਿਸੇ ਵੀ ਤਰ੍ਹਾਂ ਦੀ ਪ੍ਰੇਸ਼ਾਨੀ ਆਉਣ ਤੇ ਖੇਤੀਬਾੜੀ ਵਿਭਾਗ ਦੇ ਕਿਸਾਨ ਕਾਲ ਸੈਟਰ 01639 - 254834 ਅਤੇ ਮੁੱਖ ਖੇਤੀਬਾੜੀ ਅਫਸਰ ਜੀ ਦੇ ਮੋਬਾਇਲ ਨੰਬਰ 98159 - 75824 ਤੇ ਸੰਪਰਕ ਕੀਤਾ ਜਾਵੇ।

Dispatch No I/17882/2020

ਜ਼ਿਲ੍ਹਾ ਲੋਕ ਸਪਰਕ ਅਫਸਰ, ਫਰੀਦਕੋਟ

ਜ਼ਿਲ੍ਹਾ ਮੈਜਿਸਟਰੇਟ ਵੱਲੋਂ ਕਣਕ ਦੀ ਕਟਾਈ ,ਤੁਲਾਈ ਅਤੇ ਵਿਕਰੀ ਆਦਿ ਸੰਬੰਧੀ ਦਿਸ਼ਾ ਨਿਰਦੇਸ਼ ਜਾਰੀ

•ਕਿਸਾਨਾਂ ,ਆੜ੍ਹਤੀਆਂ ,ਤੋਲਿਆਂ ਅਤੇ ਖਰੀਦਦਾਰਾਂ ਆਦਿ ਨੂੰ ਵੱਖ ਵੱਖ ਹਦਾਇਤਾਂ ਦੀ ਪਾਲਨਾ ਯਕੀਨੀ ਬਣਾਉਣ ਦੇ ਆਦੇਸ਼

•ਜ਼ਿਲ੍ਹੇ ਵਿੱਚ ਕਣਕ ਦੀ ਕਟਾਈ ਸਵੇਰੇ 6 ਵਜੇ ਤੋਂ ਸ਼ਾਮ 7 ਵਜੇ ਤੱਕ ਹੋਵੇਗੀ

•ਮੰਡੀਆਂ ,ਖੇਤਾਂ ਵਿੱਚ ਸਮਾਜਕ ਦੂਰੀ ਬਣਾਈ ਰੱਖਣ ਅਤੇ ਸਿਹਤ ਵਿਭਾਗ ਦੀਆਂ ਹਦਾਇਤਾਂ ਦੀ ਇਨ ਬਿਨ ਪਾਲਣਾ ਦੇ ਆਦੇਸ਼

ਫ਼ਰੀਦਕੋਟ ,11 ਅਪ੍ਰੈਲ

ਜ਼ਿਲ੍ਹਾ ਮੈਜਿਸਟਰੇਟ ਫ਼ਰੀਦਕੋਟ ਸ੍ਰੀ ਕੁਮਾਰ ਸੌਰਭ ਰਾਜ ਨੇ ਪੰਜਾਬ ਸਰਕਾਰ ਦੇ ਗ੍ਰਹਿ ਵਿਭਾਗ ,ਖੇਤੀਬਾੜੀ ਵਿਭਾਗ ਅਤੇ ਪੰਜਾਬ ਮੰਡੀ ਬੋਰਡ ਦੀਆਂ ਸਿਫਾਰਸ਼ਾਂ ਅਨੁਸਾਰ ਕਿਸਾਨਾਂ ,ਆੜ੍ਹਤੀਆਂ ਤੋਲਿਆਂ ਆਦਿ ਲਈ ਕਣਕ ਦੀ ਕਟਾਈ ,ਤੁਲਾਈ ਅਤੇ ਵਿਕਰੀ ਆਦਿ ਸਬੰਧੀ ਦਿਸ਼ਾ ਨਿਰਦੇਸ਼ ਜਾਰੀ ਕੀਤੇ ਹਨ

ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜਾਰੀ ਹੁਕਮਾਂ ਅਨੁਸਾਰ 23 ਮਾਰਚ ਤੋਂ ਚੱਲ ਰਹੇ ਕਰਫਿਊ ਦੋਰਾਨ ਕਣਕ ਦੀ ਕਟਾਈ ਵਾਲੀਆਂ ਹਾਰਵੈਸਟ ਕੰਬਾਈਨਾਂ ਦੇ ਚੱਲਣ ਦਾ ਸਮਾਂ ਸਵੇਰੇ 6 ਤੋਂ ਸ਼ਾਮ 7 ਵਜੇ ਤੱਕ ਨਿਸ਼ਚਿਤ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿਚ ਸ਼ਾਮ 7 ਵਜੇ ਤੋਂ ਸਵੇਰੇ 6 ਵਜੇ ਤੱਕ ਕਣਕ ਦੀ ਫ਼ਸਲ ਦੀ ਕੰਬਾਈਨਾਂ ਨਾਲ ਕਟਾਈ ਤੇ ਪੂਰਨ ਤੌਰ ਤੇ ਰੋਕ ਲਗਾ ਦਿੱਤੀ ਹੈ।

ਇਸ ਤੋਂ ਇਲਾਵਾ ਜ਼ਿਲ੍ਹਾ ਮੈਜਿਸਟਰੇਟ ਨੇ ਪੰਜਾਬ ਐਗਰੀਕਲਚਰ ਮਾਰਕੀਟਿੰਗ ਬੋਰਡ ਵੱਲੋਂ ਆੜ੍ਹਤੀਆਂ ,ਤੋਲਿਆਂ , ਕਿਸਾਨਾਂ ਅਤੇ ਖਰੀਦਦਾਰਾਂ ਆਦਿ ਲਈ ਵੀ ਜਾਰੀ ਹਦਾਇਤਾਂ ਦੀ ਪਾਲਣਾ ਕਰਨ ਦਾ ਹੁਕਮ ਦਿੱਤਾ ਹੈ , ਜਿਸ ਅਨੁਸਾਰ

ਆਰ . ਐਮ . ਐੱਸ . 2020 - 21 ਖਰੀਦ ਸੀਜ਼ਨ 15 ਅਪ੍ਰੈਲ ਤੋਂ 16 ਜੂਨ ਤੱਕ ਹੋਵੇਗਾ ।

ਮੰਡੀਆਂ ਵਿਚ ਭੀੜ ਨੂੰ ਘੱਟ ਕਰਨ ਲਈ ਕਣਕ ਦੀ ਖਰੀਦ ਨੂੰ 15 ਅਪ੍ਰੈਲ , 2020 ਤੋਂ 45 ਦਿਨਾਂ ਵਿੱਚ ਨਿਯਮਤ ਕੀਤੀ ਜਾਏਗੀ । ਖਰੀਦ ਨੂੰ ਨਿਯਮਤ ਕਰਨ ਲਈ , ਮਾਰਕੀਟ ਕਮੇਟੀ ਆੜਤੀਆਂ ਨੂੰ ਦਿਨ ਦੀ ਨਿਸ਼ਚਿਤ ਤਾਰੀਖ ਅਤੇ ਮੰਡੀ ਵਿਸ਼ੇਸ਼ ਕੂਪਨ ( ਹੋਲੋਗ੍ਰਾਮ / QRਕੋਡ ਦੇ ਨਾਲ ) ਕਿਸਾਨਾਂ ਨੂੰ ਜਾਰੀ ਕੀਤੇ ਜਾਣਗੇ । ਕਿਸਾਨ ਨੂੰ ਸੌਂਪਿਆ ਗਿਆ ਕੂਪਨ , ਉਸ ਨੂੰ ਆਪਣੀ ਉਪਜ / ਕਣਕ ਨੂੰ ਕੂਪਨ ਉਪਰ ਦੱਸੀ ਗਈ ਤਰੀਖ ਅਤੇ ਮੰਡੀ ਵਿਚ ਲਿਜਾਣ ਲਈ ਪਰਮਿਟ ਹੋਵੇਗਾ । ਇਕ ਕੂਪਨ  ਇਕ ਖਪਤ ਲਈ ਯੋਗ ਹੋਵੇਗਾ ਅਰਥਾਤ 1 ਕੂਪਨ  1 ਟਰਾਲੀ ਲਈ ( ਅੰਦਾਜਨ 50 ਕੁਇੰਟਲ ) । ਜੇ ਜਾਰੀ ਕੀਤਾ ਗਿਆ ਕੂਪਨ ਇਸਤੇਮਾਲ ਨਾ ਕੀਤਾ ਗਿਆ ਤਾਂ ਕੂਪਨ ਰੱਦ ਸਮਝਿਆ ਜਾਵੇਗਾ । ਮੰਡੀ ਲਈ ਕੂਪਨ ਉਸ ਮੰਡੀ ਵਿਚ ਉਪਲਬਧ ਜਗਾ ਦੇ ਅਧਾਰ ਤੇ ਜਾਰੀ ਕੀਤੇ ਜਾਣਗੇ , ਭਾਵ ਉਹ ਕਣਕ ਦੀ ਲਿਫਟਿੰਗ  ਤੇ ਨਿਰਭਰ ਕਰੇਗਾ । ਕੂਪਨ ਵਿੱਚ ਕਿਸੇ ਵੀ ਕਿਸਮ ਦਾ ਵਾਧਾ - ਘਾਟਾ ਜਾਂ ਕਟਿੰਗ ਕਾਨੂੰਨੀ ਕਾਰਵਾਈ ਨੂੰ ਸੱਦਾ ਦੇਵੇਗੀ । ਕੂਪਨ ਦੀ ਫੋਟੋਕਾਪੀ ਪ੍ਰਵਾਨ ਨਹੀਂ ਹੋਵੇਗੀ । ਕੋਈ ਇਲੈਕਟਰਾਨਿਕ  ਕੂਪਨ ਜਾਰੀ ਨਹੀਂ ਕੀਤਾ ਜਾਵੇਗਾ ਅਤੇ ਨਾ ਹੀ ਕੂਪਨ ਦੀ ਸਕੈਨ ਕੀਤੀ ਕਾਪੀ , ਮੰਡੀ ਵਿਚ ਦਾਖਲ ਹੋਣ ਲਈ ਵੈਲਿਡ ਹੋਵੇਗੀ ।

ਜ਼ਿਲ੍ਹਾ ਮੈਜਿਸਟਰੇਟ ਸ੍ਰੀ ਕੁਮਾਰ ਸੌਰਭ ਰਾਜ ਨੇ ਅੱਗੇ ਕਿਹਾ ਕਿ ਉਪਰੋਕਤ ਹਦਾਇਤਾਂ ਦੀ ਪਾਲਨਾ ਮੰਡੀ ਵਿੱਚ ਕੰਮ ਕਰਦਾ ਹਰ ਵਿਅਕਤੀ ,ਕਿਸਾਨ ,ਆੜ੍ਹਤੀਆ ਤੋਲਣ ਵਾਲਾ ਆਦਿ ਕਰੇਗਾ ਅਤੇ ਪੰਜਾਬ ਸਰਕਾਰ ਸਿਹਤ ਵਿਭਾਗ ਵੱਲੋਂ ਸਮੇਂ ਸਮੇਂ ਤੇ ਜਾਰੀ ਕੀਤੀ ਐਡਵਾਈਜ਼ਰੀ ਅਨੁਸਾਰ ਸਮਾਜਕ ਦੂਰੀ ਅਤੇ ਸਾਵਧਾਨੀਆਂ ਰੱਖੇਗਾ ।ਹਰ ਅਨਾਜ ਮੰਡੀ ਸਮੇਤ ਆਰਜ਼ੀ ਮੰਡੀਆਂ ਵਿੱਚ ਆੜ੍ਹਤੀ,ਮੰਡੀ ਬੋਰਡ ,ਸਿਹਤ ਵਿਭਾਗ ਵੱਲੋਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਸਾਫ ਸਫਾਈ ,ਮਾਸਕ ਪਾਉਣਾ ਅਤੇ ਹੱਥ ਧੋਣ ਸਬੰਧੀ ਲੋੜੀਂਦੀ ਕਾਰਵਾਈ ਕਰੇਗਾ ।ਉਨ੍ਹਾ ਪੰਜਾਬ ਸਰਕਾਰ ਗ੍ਰਿ ਵਿਭਾਗ ਅਤੇ ਖੇਤੀਬਾੜੀ ਵਿਭਾਗ ਵੱਲੋਂ ਜਾਰੀ ਕੀਤੀਆਂ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਉਣ ਦੇ ਆਦੇਸ ਦਿੱਤੇ।

ਜਿਲਾ ਲੋਕ ਸੰਪਰਕ ਅਫਸਰ ਫਰੀਦਕੋਟ

ਘਰ ਤੋਂ ਬਾਹਰ ਜਾਣ ਸਮੇਂ ਮਾਸਕ ਜਰੂਰੀ-ਡਾ.ਰਜਿੰਦਰ ਕੁਮਾਰ

51 ਸੈਂਪਲਾਂ ਦੀ ਰਿਪੋਰਟ ਆਈ ਨੈਗੇਟਿਵ,1 ਦੀ ਰਿਪੋਰਟ ਆਉਣੀ ਬਾਕੀ

ਫਰੀਦਕੋਟ 11 ਅਪਰੈਲ ( ) ਡਿਪਟੀ ਕਮਿਸ਼ਨਰ ਕੁਮਾਰ ਸੌਰਭ ਰਾਜ ਆਈ.ਏ.ਐਸ ਦੇ ਦਿਸ਼ਾ ਨਿਰਦੇਸ਼ ਮੁਤਾਬਕ ਜ਼ਿਲ੍ਹੇ ਅੰਦਰ ਕੋਵਿਡ -19 ਦੀ ਮਹਾਂਮਾਰੀ ਵਿਰੁੱਧ ਵਿੱਢੀ ਇਸ ਮੁਹਿੰਮ ਤਹਿਤ ਵਿਭਾਗ ਦੀਆਂ ਵੱਖ-ਵੱਖ ਟੀਮਾਂ ਗਠਿਤ ਕੀਤੀਆਂ ਗਈਆਂ ਹਨ।ਜ਼ਿਲ੍ਹੇ ਅੰਦਰ ਪੋਜ਼ੇਟਿਵ ਆਏ 2 ਕੇਸਾਂ ਦੇ ਰਿਹਾਇਸ਼ੀ ਖੇਤਰ ਦਾ ਸਰਵੇ, ਸ਼ੱਕੀ ਮਰੀਜਾਂ ਦੀ ਮੈਡੀਕਲ ਸਕਰੀਨਿੰਗ ਅਤੇ ਸੈਂਪਲ ਲੈਣ ਸਬੰਧੀ ਸਰਗਰਮੀਆਂ ਅਮਲ ਵਿੱਚ ਲਿਆਂਦੀਆਂ ਜਾ ਰਹੀਆਂ ਹਨ।ਸਥਾਨਕ ਸਿਵਲ ਹਸਪਤਾਲ ਵਿਖੇ ਸ.ਅਵਤਾਰ ਸਿੰਘ ਬਰਾੜ ਵੈਲਫੇਅਰ ਸੁਸਾਇਟੀ ਦੇ ਸਹਿਯੋਗ ਨਾਲ ਸੈਨੇਟਾਈਜ਼ਰ ਹੱਟ ਸਥਾਪਿਤ ਕੀਤੀ ਗਈ ਹੈ ਤਾਂ ਜੋ ਹਸਪਤਾਲ ਵਿਖੇ ਹਰ ਆਉਣ ਜਾਣ ਵਾਲਾ ਵਿਅਕਤੀ ਰੋਗਾਣੂ ਮੁਕਤ ਹੋ ਜਾਵੇ ਅਤੇ ਉਸਤੇ ਵਾਇਰਸ ਦਾ ਕੋਈ ਪ੍ਰਭਾਵ ਨਾ ਹੋਵੇ।ਜ਼ਿਲ੍ਹਾ ਫਰੀਦਕੋਟ ਦੇ 51 ਸੈਂਪਲਾਂ ਦੀ ਰਿਪੋਰਟ ਨੈਗੇਟਿਵ ਆਈ ਹੈ ਅਤੇ ਹੁਣ ਸਿਰਫ 1 ਸ਼ੈਪਲ ਦੇ ਨਤੀਜੇ ਆਉਣੇ ਬਾਕੀ ਹਨ।ਇਹ ਜਾਣਕਾਰੀ ਸਿਵਲ ਸਰਜਨ ਫਰੀਦਕੋਟ ਡਾ. ਰਜਿੰਦਰ ਕੁਮਾਰ ਨੇ ਸਾਂਝੀ ਕਰਦਿਆਂ ਦੱਸਿਆ ਕਿ ਇਸ ਭਿਆਨਕ ਬਿਮਾਰੀ ਤੋਂ ਜਾਗਰੂਕ ਕਰਨ ਅਤੇ ਲੋਕਾਂ ਨੂੰ ਸਾਵਧਾਨੀਆਂ ਵਰਤਣ ਸਬੰਧੀ ਹਰ ਸੰਭਵ ਉਪਰਾਲਾ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਸਿਹਤ ਮੰਤਰੀ ਬਲਵੀਰ ਸਿੰਘ ਸਿੱਧੂ ਵੱਲੋਂ

ਹੁਣ ਪੰਜਾਬ ਵਿਚ ਪਾਜ਼ੇਟਿਵ ਅਤੇ ਸ਼ੱਕੀ ਮਰੀਜ਼ਾਂ ਦੀ ਗਿਣਤੀ ਵੱਧਣ ਕਾਰਨ ਆਮ ਲੋਕਾਂ ਨੂੰ ਘਰਾਂ ਤੋਂ ਬਾਹਰ ਜਾਣ ਸਮੇਂ ਹਰ ਵਿਅਕਤੀ ਨੂੰ ਮਾਸਕ ਪਾਉਣਾ ਲਾਜ਼ਮੀ ਕਰ ਦਿੱਤਾ ਗਿਆ ਹੈ ਜਾਂ ਮਾਸਕ ਦੀ ਜਗ੍ਹਾ ਰੁਮਾਲ,ਚੁੰਨੀ ਜਾਂ ਪਰਨਾ ਵੀ ਮੂੰਹ ਤੇ ਲਪੇਟਿਆ ਜਾ ਸਕਦਾ ਹੈ।ਉਨ੍ਹਾਂ ਸਮਾਜਿਕ ਦੂਰੀ ਬਣਾ ਕਿ ਰੱਖਣ ਅਤੇ ਘਰ ਰਹੋ ਸੁਰੱਖਿਅਤ ਰਹੋ ਦੀ ਅਪੀਲ ਵੀ ਕੀਤੀ।

Dispatch no.  I/17918/2020